ਪੜ੍ਹੋ ਜਾਓ, ਵੱਧਦੇ ਜਾਓ
RASHTRIYA MADHYAMIK SHIKSHA ABHIYAN

ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਪੰਜਵੀ ਮੰਜਿਲ, ਫੇਜ਼ 8, ਐਸ.ਏ.ਐਸ ਨਗਰ (ਮੁਹਾਲੀ) 0172-5212569

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ),
ਪੰਜਾਬ।

ਮੀਮੋ ਨੰ: ਰਮਸਅ/ਐਡਮਨ/2018।669
ਮਿਤੀ: 03-02-2018

ਵਿਸ਼ਾ:- **ਰਮਸਅ/ਐਸ.ਐਸ.ਏ ਅਧੀਨ ਠੇਕੇ ਤੇ ਕੰਮ ਕਰ ਰਹੇ ਅਧਿਆਪਕ/ਕਰਮਚਾਰੀਆਂ ਦੀ ਛੁੱਟੀਆਂ ਦੀ ਪਾਲਿਸੀ ਸਬੰਧੀ ਹਦਾਇਤਾਂ।**

ਇਸ ਦਫਤਰ ਵੱਲੋਂ ਜਾਰੀ ਕੀਤਾ ਗਿਆ ਪੱਤਰ ਨੰ: ਐਸ.ਐਸ.ਏ/2017/ਐਡਮਨ/ਜਨਰਲ/ਛੁੱਟੀਆਂ/ਪਾਲਿਸੀ/11389, ਮਿਤੀ 17.10.2017 ਦੀ ਲਗਾਤਾਰਤਾ ਵਿੱਚ ਹੇਠ ਲਿਖੇ ਅਨੁਸਾਰ ਛੁੱਟੀਆਂ ਦੀ ਪਾਲਿਸੀ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ | ਛੁੱਟੀ ਦੀ ਕਿਸਮ | ਛੁੱਟੀਆਂ ਦਾ ਸਮਾਂ | ਛੁੱਟੀਆਂ ਨੂੰ ਮੰਜੂਰ ਕਰਨ ਲਈ ਸਮਰੱਥ ਅਧਿਕਾਰੀ |
|---|---|---|---|
| 1. | ਅਚਨਚੇਤ ਛੁੱਟੀ | Female employees: 20 days per year<br>Male employees: (a) 10 days per year upto service of 10 yrs<br>(b) 15 days per year upto service of 10-20 yrs<br>(c) 20 days per year after completion of service of 20 yrs | ਅਧਿਆਪਕ/ਕਰਮਚਾਰੀ ਨਾਂ- ਟਲਣਯੋਗ ਹਲਾਤਾਂ ਵਿੱਚ ਇੱਕ ਮਹੀਨੇ ਵਿੱਚ 3 ਤੋਂ ਵੱਧ ਅਚਨਚੇਤ ਛੁੱਟੀਆਂ ਲੈ ਸਕਦਾ ਹੈ।<br>ਇਹ ਅਚਨਚੇਤ ਛੁੱਟੀਆਂ ਸਬੰਧਤ ਸਕੂਲ ਮੁੱਖੀ ਵੱਲੋਂ ਹੀ ਪ੍ਰਵਾਨ ਕੀਤੀਆਂ ਜਾਣਗੀਆਂ। |
| 2. | ਕਮਾਈ ਛੁੱਟੀ | For Teaching Staff: 8 Days/Year, the leave will lapse at the end of every year and not entitled for encashment.<br>For Non-Teaching Staff: Leave is earned at the rate of 1/24th of the period spent on duty, during the first 10 years of his service, 1/18th of the period spent on duty during the next 10 years of his service; and 1/12th of the period spent on duty, thereafter. The leave will lapse at the end of every year and not entitled for encashment. | ਅਧਿਆਪਕ/ਕਰਮਚਾਰੀ ਦੀ ਸਰਵਿਸ ਬੁੱਕ ਨੂੰ ਜਿੱਥੇ ਮੈਨਟੇਨ ਕੀਤਾ ਜਾਂਦਾ ਹੈ, ਕਮਾਈ ਛੁੱਟੀ ਉਹਨਾਂ ਵੱਲੋਂ ਪ੍ਰਵਾਨ ਕੀਤੀ ਜਾਵੇਗੀ।<br>ਅਧਿਆਪਕ/ਕਰਮਚਾਰੀ ਆਪਣੀ ਬਣਦੀ ਅੱਧੀ ਕਮਾਈ ਛੁੱਟੀ ਪਹਿਲੇ ਛੇ ਮਹੀਨੇ (ਜਨਵਰੀ ਤੋਂ ਜੂਨ) ਤੱਕ ਅਤੇ ਬਾਕੀ ਬਣਦੀ ਕਮਾਈ ਛੁੱਟੀਆਂ ਅਗਲੇ ਛੇ ਮਹੀਨੇ (ਜੁਲਾਈ ਤੋਂ ਦਸੰਬਰ) ਤੱਕ ਲੈ ਸਕਦਾ ਹੈ। ਜੇਕਰ ਅਧਿਆਪਕ/ਕਰਮਚਾਰੀ ਵੱਲੋਂ ਆਪਣੀ ਬਣਦੀ ਕਮਾਈ ਛੁੱਟੀਆਂ ਵਿੱਚੋਂ ਸਾਰੀਆਂ ਜਾਂ ਕੁੱਝ ਛੁੱਟੀਆਂ ਪਹਿਲੇ ਛੇ ਮਹੀਨੇ ਵਿੱਚ ਨਹੀਂ ਲਈਆਂ ਜਾਂਦੀਆਂ ਹਨ ਤਾਂ ਇਹ ਛੁੱਟੀਆਂ ਅਗਲੇਂ ਬਾਕੀ ਰਹਿੰਦੇ ਛੇ ਮਹੀਨੇ (ਜੁਲਾਈ ਤੋਂ ਦਸੰਬਰ) ਵਿੱਚ ਲਈਆਂ ਜਾ ਸਕਦੀਆਂ ਹਨ।<br>ਜੇਕਰ ਕੋਈ ਕਰਮਚਾਰੀ ਆਪਣੀ ਬਣਦੀਆਂ ਕਮਾਈ ਛੁੱਟੀਆਂ ਵਿੱਚੋਂ ਪਹਿਲੀ ਛਿਮਾਈ ਜਾਂ ਦੂਜੀ ਛਿਮਾਈ ਦੇ ਸੁਰੂ ਵਿੱਚ ਹੀ ਪੂਰੀ ਕਮਾਈ ਛੁੱਟੀ ਲੈਣ ਉਪਰੰਤ ਨਿਯੁਕਤੀ ਪੱਤਰ ਦੀਆਂ ਸੁਰਤਾਂ ਅਨੁਸਾਰ ਅਸਤੀਫਾ ਦੇ ਦਿੰਦਾ ਹੈ ਤਾਂ ਉਸ ਵੱਲੋਂ ਛਿਮਾਈ ਦੌਰਾਨ ਲਈਆਂ ਗਈਆਂ ਕਮਾਈ ਛੁੱਟੀਆਂ ਦੀ ਤਨਖਾਹ ਉਨੇ ਦਿਨਾਂ ਦੀ ਹੀ ਮਿਲੇਗੀ ਜਿੰਨੀਆਂ ਛੁੱਟੀਆਂ ਕੰਮ ਕੀਤੇ ਦਿਨਾਂ ਦੇ ਹਿਸਾਬ ਨਾਲ ਦੀਆਂ ਬਣਦੀਆਂ ਹੋਣਗੀਆਂ, ਵਾਧੂ ਲਈਆਂ ਕਮਾਈ ਛੁੱਟੀਆਂ ਦੀ ਤਨਖਾਹ ਕੱਟ ਲਈ ਜਾਵੇਗੀ। |

| | | | |
|---|---|---|---|
| 3. | ਮੈਡੀਕਲ ਛੁੱਟੀ | 15 Days / Year. The leave may be commuted on medical ground maximum 240 days during entire service and in such cases double the number of HPL will be debited to the HPL accounts. | ਅਧਿਆਪਕ/ਕਰਮਚਾਰੀ ਦੀ ਸਰਵਿਸ ਬੁੱਕ ਨੂੰ ਜਿਸ ਸਮਰੱਥ ਅਧਿਕਾਰੀ ਵੱਲੋਂ ਮੈਨਟੇਨ ਕੀਤਾ ਜਾਂਦਾ ਹੈ, ਮੈਡੀਕਲ ਛੁੱਟੀ ਉਹਨਾਂ ਵੱਲੋਂ ਹੀ ਪ੍ਰਵਾਨ ਕੀਤੀ ਜਾਵੇਗੀ। |
| 4. | ਬਿਨਾਂ ਤਨਖਾਹ ਛੁੱਟੀ | | • ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਵੱਲੋਂ ਇੱਕ ਮਹੀਨੇ ਦੀ ਬਿਨਾਂ ਤਨਖਾਹ ਛੁੱਟੀ ਪ੍ਰਵਾਨ ਕੀਤੀ ਜਾਵੇਗੀ।<br>• ਇੱਕ ਮਹੀਨੇ ਤੋਂ ਉਪਰ ਬਿਨਾਂ ਤਨਖਾਹ ਛੁੱਟੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਮੁੱਖ ਦਫਤਰ ਵਿਖੇ ਪ੍ਰਵਾਨ ਕਰਨ ਲਈ ਭੇਜੇਗਾ। |
| 5. | ਵਿਦੇਸ਼ ਛੁੱਟੀ | | ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਵਿਦੇਸ਼ ਛੁੱਟੀ ਮੁੱਖ ਦਫਤਰ ਵਿਖੇ ਪ੍ਰਵਾਨ ਕਰਨ ਲਈ ਭੇਜੇਗਾ। |

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਐਸ.ਏ.ਐਸ ਨਗਰ।**

ਪਿਠ ਅੰਕਣ ਨੰ : ਰਮਸਅ/ਐਡਮਨ/2018 ੳ੨੩ ਮਿਤੀ: 63-02-2018

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਮੂਹ ਡਿਪਟੀ ਐਸ.ਪੀ.ਡੀ।
2. ਸਮੂਹ ਏ.ਐਸ.ਪੀ.ਡੀ।
3. ਡੀ.ਐਮ (ਐਮ.ਆਈ.ਐਸ) ਨੂੰ ਨੋਟਿਸ ਬੋਰਡ ਤੇ ਪਾਉਣ ਹਿੱਤ।
4. ਸਮੂਹ ਐਸ.ਐਸ.ਏ/ਰਮਸਅ ਸਟਾਫ।

**ਸਟੇਟ ਪ੍ਰਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ।**